# ਡਾਇਰੈਕਟਰ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ, ਪੰਜਾਬ

**ਛੇਵੀਂ ਮੰਜ਼ਿਲ, ਬਲਾਕ-ਈ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8, ਐੱਸ.ਏ.ਐੱਸ.ਨਗਰ (ਪੰਜਾਬ)**

ਫੋਨ ਨੰ: 0172-2212221, ਈ.ਮੇਲ: **scertaffiliation@punjabeducation.gov.in**


## ਪਬਲਿਕ ਨੋਟਿਸ

ਈ.599771 ਮਿਤੀ : 01/12/2023

ਡਿਪਲੋਮਾ ਇੰਨ ਐਲੀਮੈਂਟਰੀ ਐਜੂਕੇਸ਼ਨ (ਡੀ.ਐਲ.ਐਡ.) ਸੈਸ਼ਨ 2023-25 ਦੇ ਦਾਖਲਿਆਂ ਲਈ ਪ੍ਰਵੇਸ਼ ਪ੍ਰੀਖਿਆ ਮਿਤੀ 03.12.2023 (ਦਿਨ ਐਤਵਾਰ) ਸਮਾਂ ਸਵੇਰੇ 10.00 ਵਜੇ ਤੋਂ ਦੁਪਹਿਰ 1.00 ਵਜੇ ਤੱਕ ਕਰਵਾਈ ਜਾਣੀ ਹੈ। ਇਸ ਪ੍ਰਵੇਸ਼ ਪ੍ਰੀਖਿਆ ਦੀ ਉੱਤਰ ਕੁੰਜੀ ਵਿਭਾਗ ਵੱਲੋਂ ਵੈਬਸਾਈਟ www.ssapunjab.org ਤੇ ਮਿਤੀ 04.12.2023 ਨੂੰ ਅਪਲੋਡ ਕਿਰ ਦਿੱਤੀ ਜਾਵੇਗੀ। ਉਮੀਦਵਾਰਾਂ ਨੂੰ ਇਸ ਉੱਤਰ ਕੁੰਜੀ ਸਬੰਧੀ ਜੇਕਰ ਕੋਈ ਇਤਰਾਜ ਹੋਵੇ ਤਾਂ ਇਸ ਸਬੰਧੀ ਉਹ ਵੈਬਸਾਈਟ ਤੇ ਦਿੱਤੇ ਗਏ ਲਿੰਕ ਤੇ ਜਾਕੇ ਆਪਣੇ ਇਤਰਾਜਾਂ ਸਬੰਧੀ ਵੇਰਵੇ ਸਮੇਤ ਸਬੂਤ ਦਰਜ ਕਰ ਸਕਦੇ ਹਨ। ਉਮੀਦਾਵਾਰ ਨੂੰ ਪ੍ਰਤੀ ਪ੍ਰਸ਼ਨ 100 ਰੁਪਏ ਦੀ ਫੀਸ ਆਨ ਲਾਈਨ ਪੋਰਟਲ ਤੇ ਭਰਨੀ ਹੋਵੇਗੀ। ਇਨ੍ਹਾਂ ਇਤਰਾਜਾਂ ਨੂੰ ਦੂਰ ਕਰਨ ਉਪਰੰਤ ਵਿਭਾਗ ਵੱਲੋਂ ਰਿਵਾਇਜ਼ ਕੀਤੀ ਗਈ ਉੱਤਰ ਕੁੰਜੀ ਵੈਬਸਾਈਟ ਤੇ ਹੀ ਅਪਲੋਡ ਕੀਤੀ ਜਾਵੇਗੀ। ਉਮੀਦਵਾਰਾਂ ਨੂੰ ਆਪਣੇ ਇਤਰਾਜ ਦਰਜ ਕਰਨ ਲਈ ਮਿਤੀ 04.12.2023 ਤੋਂ 07.12.2023 ਸ਼ਾਮ 5.00 ਵਜੇ ਤੱਕ ਦਾ ਸਮਾਂ ਦਿੱਤਾ ਜਾਵੇਗਾ। ਇਸ ਤੋਂ ਬਾਅਦ ਉੱਤਰ ਕੁੰਜੀ ਵਿੱਚ ਕਿਸੇ ਵੀ ਇਤਰਾਜ ਨੂੰ ਵਿਭਾਗ ਵੱਲੋਂ ਵਿਚਾਰਿਆ ਨਹੀਂ ਜਾਵੇਗਾ। ਪ੍ਰਵੇਸ਼ ਪ੍ਰੀਖਿਆ ਦਾ ਨਤੀਜਾ ਉੱਤਰ ਕੁੰਜੀ ਫਾਈਨਲ ਕਰਨ ਉਪਰੰਤ ਵਿਭਾਗ ਦੀ ਵੈਬਸਾਈਟ ਤੇ ਜਾਰੀ ਕਰ ਦਿੱਤਾ ਜਾਵੇਗਾ।

ਨੋਡਲ ਅਫਸਰ (ਪ੍ਰਵੇਸ਼ ਪ੍ਰੀਖਿਆ)

Scanned with CamScanner